# ਸੋਹਣ ਸਿੰਘ ਭਕਨਾ

(ਸਟੇਜ ਦੇ ਇਕ ਪਾਸੇ ਟੈਲੀਫੋਨ ਪਿਆ ਹੈ, ਦੋ ਕੁਰਸੀਆਂ ਹਨ, ਬਾਕੀ ਸਟੇਜ ਖਾਲੀ ਹੈ। ਨਾਟਕ ਸ਼ੁਰੂ ਹੋਣ 'ਤੇ ਬਾਬਾ ਸੋਹਣ ਸਿੰਘ ਭਕਨਾ ਸਟੇਜ 'ਤੇ ਆਉਂਦੇ ਹਨ ਅਤੇ ਦਰਸ਼ਕਾਂ ਨੂੰ ਮੁਖਾਤਿਬ ਹੁੰਦੇ ਹਨ।)

ਬਾਬਾ : ਮੈਂ ਬਾਬਾ ਸੋਹਣ ਸਿੰਘ ਭਕਨਾ ਹਾਂ। ਮੇਰਾ ਜਨਮ 4 ਜਨਵਰੀ 1870 ਨੂੰ ਹੋਇਆ ਸੀ ਤੇ 21 ਦਸੰਬਰ 1968 ਮੈਂ ਤੁਹਾਡੇ ਤੋਂ ਵਿੱਛੜ ਗਿਆ ਸੀ। ਗ਼ਦਰੀ ਬਾਬਿਆਂ ਦਾ ਮੇਲਾ ਤੁਸੀਂ ਹਰ ਸਾਲ ਪਹਿਲੀ ਨਵੰਬਰ ਕਰਦੇ ਹੋ। ਮੈਂ ਵੀ ਆਪਣੀ ਹਾਜ਼ਰੀ ਇਸ ਨਾਟਕ ਰਾਹੀਂ ਤੁਹਾਡੇ ਕੋਲ ਲਗਵਾਉਣ ਆਇਆ ਹਾਂ। ਮੇਰਾ ਇਹ ਰੂਪ ਮੇਰਾ ਅਸਲੀ ਰੂਪ ਨਹੀਂ, ਇਕ ਸਵਾਂਗ ਹੈ, ਪਰ ਨਾਟਕ ਵਿਚ ਇਹ ਸਵਾਂਗ ਕਰਨੇ ਹੀ ਪੈਂਦੇ ਨੇ। ਇਹ ਨਾਟਕ ਮੇਰੀਆਂ ਆਪਣੀਆਂ ਲਿਖਤਾਂ 'ਤੇ ਅਧਾਰਤ ਹੈ। ਇਸ ਵਿਚ ਮੇਰੀਆਂ ਯਾਦਾਂ ਵੀ ਹਨ ਮੇਰੇ ਵਿਚਾਰ ਵੀ ਹਨ।

ਮੇਰਾ ਇਕ ਪਾਤਰ ਨੌਜਵਾਨ ਕ੍ਰਾਂਤੀ ਸਿੰਘ ਹੈ। ਇਹ ਕਰਤਾਰ ਸਿੰਘ ਸਰਾਭਾ ਵੀ ਹੋ ਸਕਦਾ ਹੈ, ਇਹ ਭਗਤ ਸਿੰਘ ਵੀ ਹੋ ਸਕਦਾ ਹੈ, ਬਲਦੇਵ ਮਾਨ ਵੀ ਹੋ ਸਕਦਾ ਹੈ, ਦੀਪਕ ਧਵਨ ਵੀ ਹੋ ਸਕਦਾ ਹੈ, ਜੋ ਇਸ ਦੇਸ਼ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਵੇਖਣ ਦਾ ਚਾਹਵਾਨ ਹੈ ਤੇ ਕ੍ਰਾਂਤੀ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹੈ।

*(ਇਕ ਨੌਜਵਾਨ ਕ੍ਰਾਂਤੀ ਸਿੰਘ ਸਟੇਜ 'ਤੇ ਆਉਂਦਾ ਹੈ।)*

ਕ੍ਰਾਂਤੀ : ਬਾਬਾ ਜੀ ਪੈਰੀਂ ਪੈਂਦਾ ਹਾਂ

*(ਝੁੱਕਦਾ ਹੈ, ਬਾਬਾ ਜੀ ਉਹਨੂੰ ਮੋਢਿਆਂ ਤੋਂ ਫੜ ਲੈਂਦੇ ਹਨ।)*

ਬਾਬਾ : ਹਾਂ ਨੌਜਵਾਨ ਪੈਰੀ ਪੈਣ ਦੀ ਲੋੜ ਨਹੀਂ, ਸਗੋਂ ਕਹੋ ਬਾਬਾ ਜੀ ਕ੍ਰਾਂਤੀਕਾਰੀ ਸਲਾਮ ਕਹਿੰਦਾ ਹਾਂ – (ਦਰਸ਼ਕਾਂ ਨੂੰ) ਇਹਦਾ ਕਰਤਾਰ ਸਿੰਘ ਸਰਾਭਾ ਵਾਲਾ ਰੂਪ ਮੇਰੇ ਸਾਹਮਣੇ ਹੈ। ਇਹ 16 ਨਵੰਬਰ 1915 ਦਾ ਸੀ, ਜਿਸ ਦਿਨ ਮੇਰੇ ਸੱਤ ਸਾਥੀਆਂ ਕਰਤਾਰ ਸਿੰਘ ਸਰਾਭਾ, ਭਾਈ ਬਖਸ਼ੀਸ਼ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਬੂੜ ਸਿੰਘ, ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਭਾਈ ਹਰਨਾਮ

ਸਿੰਘ, ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਅਤੇ ਭਾਈ ਜਗਤ ਸਿੰਘ ਸੁਰ ਸਿੰਘ ਨੇ ਹੱਸਦਿਆਂ ਹੱਸਦਿਆਂ ਫਾਂਸੀ ਦੇ ਰੱਸੇ ਗਲਾਂ ਵਿਚ ਪਾਏ ਸਨ ਤੇ ਆਖਰੀ ਸਮੇਂ ਫਾਂਸੀ ਦੇ ਤਖਤੇ ਉਤੇ ਖੜੇ ਹੋਕੇ ਆਪਣੀ ਮਾਤ ਭੂਮੀ ਨੂੰ ਸਲਾਮ ਕੀਤਾ।

*(ਕ੍ਰਾਂਤੀ ਸਿੰਘ ਅੱਗੇ ਆਉਂਦਾ ਹੈ।)*

ਕ੍ਰਾਂਤੀ : ਐ ਭਾਰਤ ਮਾਤਾ, ਅਸੀਂ ਤੇਰੀਆਂ ਗੁਲਾਮੀ ਦੀਆਂ ਜ਼ਜੀਰਾਂ ਨੂੰ ਤੋੜ ਨਹੀਂ ਸਕੇ, ਜੇ ਸਾਡੇ ਵਿਚੋਂ ਇਕ ਵੀ ਸਾਥੀ ਜਿਉਂਦਾ ਰਿਹਾ ਤਾਂ ਆਖਰੀ ਦਮ ਤੱਕ ਆਪਣੀ ਮਾਤ ਭੂਮੀ ਅਤੇ ਜਨਤਾ ਦੀ ਆਜ਼ਾਦੀ ਅਤੇ ਬਰਾਬਰੀ ਲਈ ਲੜਦਾ ਰਹੇਗਾ। ਹਰ ਤਰ੍ਹਾਂ ਦੀ ਗੁਲਾਮੀ, ਕੀ ਆਰਥਿਕ, ਕੀ ਰਾਜਨੈਤਿਕ ਅਤੇ ਕੀ ਸਮਾਜਿਕ, ਨੂੰ ਦੇਸ਼ ਅਤੇ ਮਨੁੱਖੀ ਸਮਾਜ ਤੋਂ ਮਿਟਾਉਣ ਦੀ ਕੋਸ਼ਿਸ਼ ਕਰੇਗਾ।

*(ਵਾਪਸ ਬਾਬਾ ਜੀ ਕੋਲ ਆਉਂਦਾ ਹੈ।)*

ਬਾਬਾ ਜੀ ਇਹ ਤੁਹਾਡੀ ਮਹਾਨਤਾ ਹੈ ਕਿ ਤੁਸੀਂ ਮੈਨੂੰ ਪੈਰੀਂ ਹੱਥ ਨਹੀਂ ਲਗਾਉਣ ਦਿੱਤਾ। ਬਜ਼ੁਰਗਾਂ ਦੀ ਇੱਜ਼ਤ ਕਰਨਾ ਸਾਡੇ ਸਭਿਆਚਾਰ ਦਾ ਹਿੱਸਾ ਹੈ।

ਬਾਬਾ : ਬੜੀ ਚੰਗੀ ਗੱਲ ਹੈ, ਪਰ ਸਾਡੇ ਸਭਿਆਚਾਰ ਦੀ ਇਕ ਹੋਰ ਵੀ ਰਵਾਇਤ ਹੈ ਕਿ ਅਸੀਂ ਜ਼ਾਲਮ ਦੇ ਵਿਰੁੱਧ ਹਮੇਸ਼ਾਂ ਸੰਘਰਸ਼ ਕੀਤਾ ਹੈ ਅਤੇ ਝੂਠਿਆਂ, ਦੰਭੀਆਂ ਨੂੰ ਚਿੱਤ ਕੀਤਾ ਹੈ। ਬਰਖਰਖੁਦਾਰ, ਅੱਜ ਦੇ ਸੰਦਰਭ ਵਿਚ ਤੂੰ ਕੀ ਸੋਚਦਾ ਏਂ ?

ਕ੍ਰਾਂਤੀ : ਤੁਸੀਂ ਇਹ ਸਵਾਲ ਕਿਉਂ ਕਰਦੇ ਹੋ ?

ਬਾਬਾ : ਕਿਉਂਕਿ ਮੈਂ ਸਮਝਦਾ ਹਾਂ ਕਿ ਅੱਜ ਦੇ ਨੋਜਵਾਨਾਂ ਨੂੰ ਜੋ ਕੁਝ ਕਰਨਾ ਚਾਹੀਦਾ ਏ, ਉਹ ਨਹੀਂ ਕਰ ਰਹੇ। ਉਹ ਆਪਣਾ ਸਾਰਾ ਵਕਤ ਫਜ਼ੂਲ ਗੱਲਾਂ ਵਿਚ ਜਾਇਆ ਕਰਦੇ ਨੇ। ਸੰਜੀਦਾ ਪੜ੍ਹਾਈ ਤੋਂ ਘੱਟ ਸਮਾਂ ਲਗਾਉਂਦੇ ਨੇ – ਕ੍ਰਾਂਤੀ ਸਿੰਘ, ਇਹ ਦਸ ਤੂੰ ਕ੍ਰਾਂਤੀ ਬਾਰੇ ਕਿਸੇ ਕਿਤਾਬ ਨੂੰ ਡੂੰਘਿਆਈ ਨਾਲ ਪੜ੍ਹਿਆ ਏ ? ਇਹ ਸਾਰਾ ਸਮਾਜ ਕਿਸ ਤਰ੍ਹਾਂ ਚਲ ਰਿਹਾ ਏ ? ਨੌਜਵਾਨਾਂ ਨੂੰ ਇਥੇ ਕੋਈ ਅਪਣਾ ਭਵਿੱਖ ਨਜ਼ਰ ਨਹੀਂ ਆਉਂਦਾ ?

ਕ੍ਰਾਂਤੀ : ਮੈਂ ਇਹ ਸਭ ਕੁਝ ਪੜ੍ਹਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਬਾਬਾ : ਜ਼ਰੂਰ ਕਰ, ਤੁਹਾਡੇ ਨੌਜਵਾਨਾਂ ਉਤੇ ਬੜੀਆਂ ਵਡੀਆਂ ਜ਼ਿੰਮੇਵਾਰੀਆਂ ਨੇ – ਅਸੀਂ ਬਾਬਿਆਂ ਨੇ ਜਿੰਨਾ ਜੀਣਾ ਸੀ, ਜੀ ਲਿਆ। ਤੁਸੀਂ ਇਸ ਦੇਸ਼ ਵਿਚ ਔਸਤਨ 50 ਸਾਲ ਹੋਰ ਜੀਣਾ ਹੈ। ਇਹ ਜਿਹੜੇ

ਬੱਚੇ ਅਗੇ ਬੈਠੇ ਹਨ, ਇਹਨਾਂ ਔਸਤਨ 70 ਸਾਲ ਹੋਰ ਜੀਣਾ ਹੈ, ਜਿਹਨਾਂ ਵੱਲ ਤੁਹਾਡੀ ਜ਼ਿੰਮੇਵਾਰੀ ਹੈ – ਕੀ ਇਹ ਇਸ ਤਰ੍ਹਾਂ ਘੱਟਿਆਂ ਮਿੱਟੀਆਂ ਵਿਚ ਜੀਂਦੇ ਰਹਿਣਗੇ ? ਮੱਖੀਆਂ ਮੱਛਰਾਂ ਵਿਚ ਜੀਂਦੇ ਰਹਿਣਗੇ ? ਕੋਈ ਚੰਗੀ ਪੜ੍ਹਾਈ ਇਹਨਾਂ ਨੂੰ ਨਹੀਂ ਮਿਲੇਗੀ ? ਇਹ ਸਭ ਕੁਝ ਤੁਹਾਡੇ ਸੋਚਣ ਵਾਲੀ ਗੱਲ ਹੈ, ਹੁਣ ਤੂੰ ਜਾ ਮੈਂ ਆਪਣੇ ਹੋਰ ਪਾਤਰਾਂ ਦੀ ਵੀ ਪਛਾਣ ਆਪਣੇ ਦਰਸ਼ਕਾਂ ਨੂੰ ਕਰਵਾਉਣੀ ਹੈ।

ਕ੍ਰਾਂਤੀ : ਪਾਤਰ ? ਕਿਉਂ ਤੁਸੀਂ ਕੋਈ ਨਾਟਕ ਪੇਸ਼ ਕਰ ਰਹੇ ਹੋ ?

ਬਾਬਾ : ਹਾਂ ਨਾਟਕ ਹੀ ਪੇਸ਼ ਕਰਨਾ ਹੈ, ਉਹਦੇ ਵਿਚ ਤੂੰ ਵੀ ਇਕ ਪਾਤਰ ਹੋਵੇਂਗਾ।

ਕ੍ਰਾਂਤੀ : ਅੱਛਾ ਮੈਨੂੰ ਤਾਂ ਇਹਦਾ ਪਤਾ ਹੀ ਨਹੀਂ।

ਬਾਬਾ : ਬਸ ਇਹੋ ਹੀ ਤੁਹਾਡੇ ਨੌਜਵਾਨਾਂ ਦਾ ਦੁਖਾਂਤ ਏ ਕਿ ਤੁਹਾਨੂੰ ਬਹੁਤ ਕੁਝ ਪਤਾ ਹੀ ਨਹੀਂ ਲਗਦਾ ਤੇ ਤੁਹਾਡੇ ਨਾਲ ਵਾਪਰ ਜਾਂਦਾ ਹੈ। ਤੁਹਾਨੂੰ ਪਤਾ ਹੀ ਨਹੀਂ ਲਗਦਾ ਤੇ ਤੁਸੀਂ ਕਿਸੇ ਕੁੜੀ ਨੂੰ ਪਿਆਰ ਕਰਨ ਲਗ ਪੈਂਦੇ ਹੋ, ਚਿੱਠੀ ਲਿਖਕੇ ਕਿਤਾਬ ਵਿਚ ਰਖਦੇ ਹੋ ਤੇ ਕਿਸੇ ਨਿੱਕੇ ਬੱਚੇ ਦੇ ਰਾਹੀਂ ਉਹ ਕਿਤਾਬ ਕੁੜੀ ਤੱਕ ਪੁਚਾਂਦੇ ਹੋ, ਕੁੜੀ ਚਿੱਠੀ ਪੜ੍ਹਦੀ ਏ, ਤੁਸੀਂ ਖਿੜਕੀ ਵਿਚ ਖਲੋਕੇ ਵੇਖਦੇ ਹੋ, ਇਹ ਉਮੀਦ ਕਰਦੇ ਹੋ ਕਿ ਉਹ ਤੁਹਾਡੀ ਚਿੱਠੀ ਨੂੰ ਹੋਠਾਂ ਨਾਲ ਲਗਾਕੇ ਚੁੰਮਣ ਦੇਵੇਗੀ ਤੇ ਫੇਰ ਜਵਾਬ ਵਿਚ ਤੁਹਾਨੂੰ ਇਕ ਚਿੱਠੀ ਲਿਖੇਗੀ – ਪਰ ਉਹ ਤਾਂ ਤੁਹਾਡੀ ਚਿੱਠੀ ਪਾੜ ਦੇਂਦੀ ਏ, ਉਹਦੇ ਚਿਹਰੇ ’ਤੇ ਗੁੱਸੇ ਦੇ ਪ੍ਰਭਾਵ ਆਉਂਦੇ ਹਨ – ਸਾਫ ਹੈ ਕਿ ਉਹਨੇ ਤੁਹਾਡਾ ਪਿਆਰ ਠੁਕਰਾ ਦਿੱਤਾ ਹੈ, ਫੇਰ ਤੁਸੀਂ ਉਦਾਸ ਹੋ ਜਾਂਦੇ ਹੋ, ਪਰੇਸ਼ਾਨ ਹੋ ਜਾਂਦੇ ਹੋ, ਤੁਹਾਨੂੰ ਮਾਯੂਸੀ ਦਾ ਦੌਰਾ ਪੈ ਜਾਂਦਾ ਹੈ, ਤੁਸੀਂ ਮਾਯੂਸੀ ਵਿਚ ਕਵਿਤਾਵਾਂ ਲਿਖਦੇ ਰਹਿੰਦੇ ਹੋ, ਕਵਿਤਾ ਕਿਸੇ ਮੈਗਜ਼ੀਨ ਨੂੰ ਭੇਜਦੇ ਹੋ, ਮੈਗਜ਼ੀਨ ਦਾ ਐਡੀਟਰ ਉਹਨੂੰ ਰੱਦੀ ਦੀ ਟੋਕੜੀ ਵਿਚ ਸੁੱਟ ਦੇਂਦਾ ਹੈ। ਤੁਸੀਂ ਫੇਰ ਗ਼ਮ ਵਿਚ ਡੁੱਬ ਜਾਂਦੇ ਹੋ। ਗ਼ਮ ਗ਼ਲਤ ਕਰਨ ਲਈ ਫੇਰ ਦਾਰੂ ਦਾ ਆਸਰਾ ਲੈਂਦੇ ਹੋ – ਬਾਕੀ ਦੀ ਉਮਰ ਤੁਹਾਡੀ ਇਸੇ ਤਰ੍ਹਾਂ ਲੰਘ ਜਾਂਦੀ ਹੈ।

ਕ੍ਰਾਂਤੀ : ਨਹੀਂ ਬਾਬਾ ਜੀ, ਮੈਂ ਇਹੋ ਜਿਹਾ ਨਹੀਂ, ਮੈਂ ਸਮਾਜ ਵੱਲ ਆਪਣੀਆਂ ਜ਼ਿੰਮੇਵਾਰੀਆਂ ਸਮਝਦਾ ਹਾਂ, ਕਰਤਾਰ ਸਿੰਘ ਸਰ੍ਹਾਭਾ, ਭਗਤ ਸਿੰਘ ਮੇਰੇ ਆਦਰਸ਼ ਹਨ, ਮੇਰੇ ਨਾਇਕ ਹਨ। ਉਹਨਾਂ ਦੇ ਸੰਕਲਪ ਦਾ ਸਮਾਜ ਬਨਾਉਣ ਲਈ ਮੈਂ ਵਚਨਬੱਧ ਹਾਂ। ਤੁਹਾਡੇ ਨਾਟਕ

ਵਿਚ ਮੈਂ ਇਹ ਸਾਬਤ ਕਰ ਦੇਵਾਂਗਾ ਕਿ ਮੈਂ ਉਹਨਾਂ ਦਾ ਵਾਰਸ ਹਾਂ।

(ਮੁੜਕੇ ਜਾਂਦਾ ਹੈ।)

ਬਾਬਾ : ਕ੍ਰਾਂਤੀ ਚਲਾ ਗਿਆ ਹੈ, ਉਹਨੇ ਭਗਤ ਸਿੰਘ ਦਾ ਜ਼ਿਕਰ ਕੀਤਾ ਹੈ। ਮੇਰੇ ਸਾਹਮਣੇ 66 ਸਾਲ ਪਹਿਲੇ ਲਾਹੌਰ ਜੇਲ੍ਹ ਦਾ ਨਜ਼ਾਰਾ ਆ ਜਾਂਦਾ ਹੈ – ਮੈਂ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਸਾਂ ਅਤੇ ਭਗਤ ਸਿੰਘ ਵੀ ਮੁਕੱਦਮੇ ਦੇ ਦੌਰਾਨ ਉਥੇ ਹੀ ਸੀ। ਅਸੀਂ ਕਿਸੇ ਨਾ ਕਿਸੇ ਢੰਗ ਨਾਲ ਹਫਤੇ ਵਿਚ ਇਕ ਦੋ ਵਾਰ ਮਿਲਿਆ ਕਰਦੇ ਸੀ ਅਤੇ ਵਿਚਾਰ ਵਟਾਂਦਰਾ ਵੀ ਕਰਦੇ ਸਾਂ – ਇਕ ਦਿਨ ਮੈਂ ਮਖੌਲ ਨਾਲ ਕਿਹਾ (ਹੁਣ ਕ੍ਰਾਂਤੀ ਭਗਤ ਸਿੰਘ ਦੇ ਰੂਪ ਵਿਚ ਆਉਂਦਾ ਹੈ) ਭਗਤ ਸਿੰਘ ਤੂੰ ਪੜ੍ਹਿਆ–ਲਿਖਿਆ ਹੈ, ਤੇਰੀ ਉਮਰ ਖਾਣ ਪਹਿਨਣ ਤੇ ਐਸ਼ ਕਰਨ ਦੀ ਹੈ, ਤੂੰ ਇਧਰ ਕਿਉਂ ਫਸ ਗਿਆ ਹੈ ?

ਕ੍ਰਾਂਤੀ : ਬਾਬਾ ਜੀ ਇਹ ਮੇਰਾ ਕਸੂਰ ਨਹੀਂ, ਤੁਹਾਡਾ ਹੈ।

ਬਾਬਾ : ਕਿਉਂ ?

ਕ੍ਰਾਂਤੀ : ਜੇ ਕਰਤਾਰ ਸਿੰਘ ਸਰਾਭਾ ਅਤੇ ਤੁਹਾਡੇ ਦੂਸਰੇ ਸਾਥੀ ਹੱਸਕੇ ਫਾਂਸੀ ਨਾ ਚੁੰਮਦੇ ਤੇ ਤੁਸੀਂ ਲੋਕ ਅੰਡੇਮਾਨ ਦੀ ਨਰਕ ਕੁੰਭੀ ਜੇਲ੍ਹ ਵਿਚ ਪੈਕੇ ਸਾਬਤ ਨਾ ਨਿਕਲਦੇ ਤਾਂ ਮੈਂ ਸ਼ਾਇਦ ਏਧਰ ਨਾ ਆਉਂਦਾ।

ਬਾਬਾ : ਇਹੋ ਜਿਹਾ ਸੀ, ਸਾਡਾ ਭਗਤ ਸਿੰਘ। ਜਦ ਉਹਨਾਂ ਦੀ ਭੁੱਖ ਹੜਤਾਲ ਨੂੰ ਬਰਦਾਸ਼ਤ ਨਾ ਕਰਕੇ ਮੈਂ ਵੀ ਭੁੱਖ ਹੜਤਾਲ ਵਿਚ ਸ਼ਾਮਲ ਹੋਣ ਵਾਸਤੇ ਅਲਟੀਮੇਟਮ ਜੇਲ੍ਹ ਵਾਲਿਆਂ ਨੂੰ ਦਿੱਤਾ ਤਾਂ ਭਗਤ ਸਿੰਘ ਨੂੰ ਇਹ ਸੁਣਕੇ ਬੜੀ ਚਿੰਤਾ ਹੋਈ –

ਕ੍ਰਾਂਤੀ : ਬਾਬਾ ਜੀ ਤੁਸੀਂ ਅਗੇ ਕਾਫੀ ਜੇਲ੍ਹਾਂ ਦੇ ਕਸ਼ਟ ਕੱਟ ਚੁੱਕੇ ਹੋ, ਹੁਣ ਭੁੱਖ ਹੜਤਾਲ ਨਾ ਕਰੋ।

ਬਾਬਾ : ਭਗਤ ਸਿੰਘ ਜਦ ਤੁਸੀਂ ਨੌਜਵਾਨ ਆਪਣੀ ਜਾਨ ਦੀ ਬਾਜ਼ੀ ਲਾ ਚੁੱਕੇ ਹੋ ਤਾਂ ਮੈਂ ਬਾਹਰ ਕੰਢੇ 'ਤੇ ਬੈਠਾ ਤੁਹਾਡੀ ਭੁੱਖ ਹੜਤਾਲ ਨੂੰ ਕਿਵੇਂ ਦੇਖ ਸਕਦਾ ਹਾਂ –

– ਅਖੀਰ ਤੱਕ ਮੈਂ ਉਹਨਾਂ ਦੇ ਨਾਲ ਰਿਹਾ – ਮੇਰੇ ਦੇਸ਼ ਵਾਸੀਓ, ਮੇਰੇ ਨੌਜਵਾਨੋ, ਤੁਸੀਂ ਆਪਣੇ ਉਹਨਾ ਸੂਰਬੀਰਾਂ ਨੂੰ ਕਦੀ ਨਾ ਭੁੱਲਣਾ – ਇਕ ਚੰਗਾ ਸਮਾਜ ਬਨਾਉਣ ਲਈ ਕਰਤਾਰ ਸਿੰਘ ਸਰਾਭਾ ਤੇ ਭਗਤ ਸਿੰਘ ਤੋਂ ਵੱਧਕੇ ਤੁਹਾਨੂੰ ਕੋਈ ਪ੍ਰੇਰਨਾ ਨਹੀਂ ਦੇ ਸਕਦਾ

*(ਥੋੜਾ ਜਿਹਾ ਵਕਫਾ)*

ਮੇਰੇ ਨਾਟਕ ਦਾ ਇਕ ਹੋਰ ਪਾਤਰ ਗਰੀਬ ਦਾਸ, ਭਾਰਤ ਦਾ ਸਧਾਰਨ ਸ਼ਹਿਰੀ, ਉਹਨੇ ਮਾਰ ਹੀ ਮਾਰ ਖਾਣੀ ਏ, ਅੰਗਰੇਜ਼ਾਂ ਵੇਲੇ ਵੀ ਇਹ ਮਾਰ ਖਾਂਦਾ ਸੀ, ਹੁਣ ਵੀ ਮਾਰ ਖਾਂਦਾ ਏ। ਜੇ ਉਹ ਕਿਸਾਨ ਏ ਤਾਂ ਮੰਡੀਆਂ ਵਿਚ ਉਹਦੀ ਫਸਲ ਲੁੱਟੀ ਜਾਂਦੀ ਹੈ, ਜੇ ਉਹ ਰੇਹੜੀ ਵਾਲਾ ਹੈ ਤਾਂ ਰੇਹੜੀ ਰਾਹੀਂ ਮਸਾਂ ਏਨੀ ਆਮਦਨ ਹੁੰਦੀ ਹੈ ਕਿ ਉਹਦੇ ਘਰ ਦਾ ਨਿਬਾਹ ਹੋ ਸਕੇ। ਪਿੰਡ ਤੋਂ ਸ਼ਹਿਰ ਆਉਣਾ ਹੋਵੇ ਤਾਂ ਅੱਡੇ 'ਤੇ ਬੱਸ ਹੱਥ ਖੜ੍ਹੇ ਕਰਦਾ ਰਹਿ ਜਾਂਦਾ ਹੈ, ਨਾਨ ਸਟਾਪ ਬੱਸ ਰੁਕਦੀ ਨਹੀਂ; ਉਹਦਾ ਮਜ਼ਾਕ ਉਡਾਂਦੀ ਹੈ ਤੇ ਕਹਿੰਦੀ ਹੈ – ਗਰੀਬ ਦਾਸ ਖੜਾ ਰਹਿ, ਇਸ ਮੁਲਕ ਵਿਚ ਧੂੜ ਫੱਕਣੀ ਹੀ ਤੇਰੀ ਤਕਦੀਰ ਹੈ।

*(ਗਰੀਬ ਦਾਸ ਆਉਂਦਾ ਹੈ)*

ਗਰੀਬਾ ਦਾਸ : ਬਾਬਾ ਜੀ, ਤੁਸੀਂ ਮੈਨੂੰ ਕੁਝ ਕਿਹਾ?

ਬਾਬਾ : ਗਰੀਬ ਦਾਸ, ਇਹੀ ਕਿਹਾ ਕਿ ਧੂੜ ਫੱਕਣੀ ਇਸ ਦੇਸ਼ ਵਿਚ ਤੇਰੀ ਤਕਦੀਰ ਏ। ਬੜਾ ਲਿਸ਼ਕਿਆ ਹੋਇਆ ਏਂ, ਕੀ ਗੱਲ ਏ?

ਗਰੀਬ ਦਾਸ : ਬਾਬਾ ਜੀ, ਅੱਜ ਵੋਟਾਂ ਦਾ ਦਿਨ ਏ, ਪੰਜ ਸਾਲਾਂ ਬਾਅਦ ਇਹ ਦਿਨ ਆਉਂਦਾ ਏ, ਇਹ ਕੋਈ ਥੋੜੀ ਗੱਲ ਏ?

ਬਾਬਾ : ਤੇਰੀ ਵੋਟ ਨਾਲ ਕੀ ਹੋਏਗਾ?

ਗਰੀਬ ਦਾਸ : ਮੇਰੀ ਵੋਟ ਨਾਲ ਸਰਕਾਰ ਚੁਣੀ ਜਾਏਗੀ – ਇਹ ਕੋਈ ਥੋੜੀ ਗੱਲ ਏ?

ਬਾਬਾ : ਕੀ ਤੈਨੂੰ ਕੱਚੇ ਮਕਾਨ ਦੀ ਥਾਂ ਪੱਕਾ ਮਕਾਨ ਮਿਲ ਜਾਏਗਾ?

ਗਰੀਬ ਦਾਸ : ਜਿਨੂੰ ਮੈਂ ਵੋਟ ਪਾਉਣ ਚਲਿਆ ਹਾਂ, ਉਹ ਕਹਿੰਦਾ ਏ ਮਿਲ ਜਾਏਗਾ, ਕੀ ਇਹ ਥੋੜੀ ਗੱਲ ਏ?

ਬਾਬਾ : ਕੀ ਤੇਰੇ ਬੱਚਿਆਂ ਨੂੰ ਚੰਗਾ ਸਕੂਲ ਮਿਲ ਜਾਏਗਾ?

ਗਰੀਬ ਦਾਸ : ਵੋਟ ਲੈਣ ਵਾਲਾ ਕਹਿੰਦਾ ਏ ਮਿਲ ਜਾਏਗਾ, ਕੀ ਇਹ ਥੋੜੀ ਗੱਲ ਏ?

ਬਾਬਾ : ਕੀ ਤੈਨੂੰ ਸਮਾਜ ਵਿਚ ਬਰਾਬਰੀ ਦਾ ਦਰਜਾ ਮਿਲੇਗਾ?

ਗਰੀਬ ਦਾਸ : ਜਿਸਦੇ ਬਕਸੇ ਵਿਚ ਮੈਂ ਪਰਚੀ ਪਾਉਣੀ ਏ, ਉਹ ਕਹਿੰਦਾ ਏ ਮਿਲ ਜਾਏਗਾ, ਕੀ ਇਹ ਥੋੜੀ ਗੱਲ ਏ?

ਬਾਬਾ : ਜਿਸਦੇ ਬਕਸੇ ਵਿਚ ਤੂੰ ਪਰਚੀ ਪਾਉਣੀ ਏ, ਉਹ ਕੌਣ ਏ?

ਗਰੀਬ ਦਾਸ : ਬੜਾ ਖਾਨਦਾਨੀ ਬੰਦਾ ਏ – ਅੰਗਰੇਜ਼ਾਂ ਵੇਲੇ ਉਹਦਾ ਬਾਪ ਸਰਦਾਰ ਬਹਾਦੁਰ ਸੀ, ਕਿ ਇਹ ਥੋੜੀ ਗੱਲ ਏ?

ਬਾਬਾ : ਹੋਰ ਉਹਦੀ ਖਾਨਦਾਨੀ ਕੀ ਏ?

ਗਰੀਬ ਦਾਸ : ਉਹਦੀ ਸ਼ਹਿਰ ਵਿਚ ਇਕ ਵੱਡੀ ਕੋਠੀ ਏ, ਕੀ ਇਹ ਥੋੜੀ ਗੱਲ

ਏ?

ਬਾਬਾ : ਹੋਰ ?

ਗਰੀਬ ਦਾਸ : ਅੰਦਰ ਵੱਡੇ ਵੱਡੇ ਕੁੱਤੇ ਨੇ, ਫੜ ਲੈਣ ਤਾਂ ਛੱਡਦੇ ਨਹੀਂ, ਕੀ ਇਹ ਥੋੜ੍ਹੀ ਗੱਲ ਏ ?

ਬਾਬਾ : ਹੋਰ ?

ਗਰੀਬ ਦਾਸ : ਉਹਦੀਆਂ ਤਿੰਨ ਕਾਰਾਂ ਨੇ, ਕੀ ਇਹ ਥੋੜ੍ਹੀ ਗੱਲ ਏ ?

ਬਾਬਾ : ਹੋਰ ?

ਗਰੀਬ ਦਾਸ : ਉਹਦੇ ਬੱਚੇ ਅੰਗਰੇਜ਼ੀ ਸਕੂਲ ਵਿਚ ਪੜ੍ਹਦੇ ਨੇ, ਕੀ ਇਹ ਥੋੜ੍ਹੀ ਗੱਲ ਏ?

ਬਾਬਾ : ਹੋਰ ?

ਗਰੀਬ ਦਾਸ : ਕਿਸੇ ਵੇਲੇ ਉਹ ਮੰਤਰੀ ਬਣ ਸਕਦਾ ਏ, ਕੀ ਇਹ ਥੋੜ੍ਹੀ ਗੱਲ ਏ ?

ਬਾਬਾ : ਤੇ ਤੂੰ ਗਰੀਬ ਦਾਸ ਦਾ ਗਰੀਬ ਦਾਸ ਹੀ ਰਹੇਂਗਾ, ਇਹ ਕੋਈ ਥੋੜ੍ਹੀ ਗੱਲ ਏ ? (ਅਗੇ ਆ ਕੇ) ਤਾਂ ਇਹ ਗਰੀਬ ਦਾਸ ਪਿਛਲੇ 50 ਸਾਲਾਂ ਤੋਂ ਵੋਟ ਪਾ ਰਿਹਾ ਏ, ਪੰਡਤ ਜਵਾਹਰ ਲਾਲ ਵੇਲੇ ਵੀ ਇਹਨੇ ਵੋਟ ਪਾਈ ਸੀ, ਇੰਦਰਾ ਗਾਂਧੀ ਨੂੰ ਵੀ ਇਹਨੇ ਵੋਟ ਪਾਈ ਸੀ, ਕਿਉਂਕਿ ਉਹ ਜਵਾਹਰ ਲਾਲ ਦੀ ਧੀ ਸੀ – ਰਾਜੀਵ ਗਾਂਧੀ ਨੂੰ ਵੀ ਇਹਨੇ ਵੋਟ ਪਾਈ ਸੀ, ਕਿਉਂਕਿ ਉਹ ਜਵਾਹਰ ਲਾਲ ਦਾ ਦੋਹਤਰਾ ਸੀ, ਇਹਨੇ ਸਭ ਲੀਡਰਾਂ ਦੇ ਗਲ ਵਿਚ ਹਾਰ ਪਾਏ, ਸੁਖਰਾਮ ਜਦੋਂ ਚੰਡੀਗੜ੍ਹ ਆਇਆ ਤਾਂਇਹਨੇ ਉਹਨੂੰ ਵੀ ਹਾਰ ਪਾਏ।

ਗਰੀਬ ਦਾਸ : (ਚੌਂਕ ਕੇ) ਬਾਬਾ ਜੀ, ਕਿਦਾ ਨਾਂ ਪਏ ਲੈਂਦੇ ਹੋ ?

ਬਾਬਾ : ਸੁਖਰਾਮ ਦਾ

ਗਰੀਬ ਦਾਸ : ਉਹਦਾ ਨਾਂ ਨਾ ਲਵੋ, ਉਹ ਤਾਂ ਚੋਰ ਏ।

ਬਾਬਾ : ਪਰ ਤੂੰ ਉਹਨੂੰ ਹਾਰ ਪਾਏ ਸਨ ?

ਗਰੀਬ ਦਾਸ : ਮੈਂ ਉਹ ਹੱਥ ਕਲ੍ਹ ਦਾ ਦਸ ਵਾਰ ਸਾਬਨ ਨਾਲ ਧੋ ਚੁੱਕਾ ਹਾਂ ਪਰ ਮੈਂ ਉਸ ਗੁਨਾਹ ਤੋਂ ਸੁਰਖਰੂ ਨਹੀਂ ਹੋਇਆ ਕਿ ਮੈਂ ਇਕ ਚੋਰ ਨੂੰ ਹਾਰ ਪਾਏ ਨੇ – ਹੁਣ ਤਾਂ ਮੇਰਾ ਦਿਲ ਕਰਦਾ ਏ, ਇਹ ਹੱਥ ਵੱਢ ਦੇਵਾਂ।

ਬਾਬਾ : ਪਰ ਤੂੰ ਵਢੇਂਗਾ ਨਹੀਂ।

ਗਰੀਬ ਦਾਸ : ਆਹੋ ਵਢਾਂਗਾ ਨਹੀਂ, ਜੇ ਵੱਢ ਦਿੱਤੇ ਤਾਂ ਕੰਮ ਕਿਸ ਤਰ੍ਹਾਂ ਕਰਾਂਗਾ, ਮੇਰੇ ਬੱਚਿਆਂ ਨੂੰ ਰੋਟੀ ਕੌਣ ਦੇਵੇਗਾ ?

ਬਾਬਾ : ਹੱਥ ਨਾ ਵੱਢ ਗਰੀਬ ਦਾਸਾ, ਪਰ ਇਸ ਬਾਰੇ ਜ਼ਰੂਰ ਸੋਚ ਕਿ ਤੇਰੀ ਵੋਟ ਦਾ ਹੱਕਦਾਰ ਕੌਣ ਏ ? ਕੀ ਵੋਟ ਪਾਉਣਾ ਕੋਈ ਭਰਮ ਪਾਲਣਾ ਤਾਂ ਨਹੀਂ ?

ਗਰੀਬ ਦਾਸ : ਭਰਮ?

ਬਾਬਾ : ਹਾਂ ਭਰਮ ਹੀ, ਇਸ ਬਾਰੇ ਤੂੰ ਜ਼ਰੂਰ ਸੋਚ – ਪਰ ਹੁਣ ਤੂੰ ਵਾਪਸ ਤੁਰ ਪਿਆ ਏ, ਕੀ ਵੋਟ ਪਾਉਣ ਨਹੀਂ ਜਾਣਾ?

ਗਰੀਬ ਦਾਸ : ਨਹੀਂ ਬਾਬਾ ਜੀ, ਮੈਂ ਪਹਿਲਾਂ ਹੁਣ ਸੋਚਾਂਗਾ। ਅੱਛਾ ਰਾਮ ਰਾਮ

ਬਾਬਾ : ਰਾਮ ਰਾਮ ਨਾ ਕਰ, ਹਾਲੇ ਤਾਂ ਮੈਂ ਤੈਨੂੰ ਆਪਣੇ ਨਾਟਕ ਵਿਚ ਬੁਲਾਉਣਾ ਏ –

*(ਗਰੀਬ ਦਾਸ ਜਾਂਦਾ ਹੈ।)*

ਬਾਬਾ : ਤੇ ਮੇਰੇ ਨਾਟਕ ਦੀ ਇਕ ਹੋਰ ਪਾਤਰ ਏ, ਅਮ੍ਰਿਤ ਜਿਹੜੀ ਥੋੜੀ ਦੇਰ ਮੰਚ ’ਤੇ ਆਏਗੀ। ਇਹ ਸਟੋਵ ਫਟਣ ਨਾਲ ਸੜਨ ਵਾਲੀ ਨੂੰਹ ਵੀ ਹੋ ਸਕਦੀ ਏ, ਜੰਮਣ ਤੋਂ ਪਹਿਲਾਂ ਕੁੱਖ ਵਿਚ ਹੀ ਮਾਰ ਦਿੱਤੀ ਜਾਣ ਵਾਲੀ ਬੱਚੀ ਵੀ ਹੋ ਸਕਦੀ ਏ, ਕਿਸੇ ਵੱਡੇ ਅਫਸਰ ਦੀ ਹੱਵਸ ਦੀ ਸ਼ਿਕਾਰ ਹੋਣ ਵਾਲੀ ਇਕ ਸਟੈਨੋ ਕਲਰਕ ਵੀ ਹੋ ਸਕਦੀ ਏ, ਪਰ ਇਹ ਤਾਂ ਇਹਦੇ ਮਾਸੂਮ ਰੂਪ ਨੇ। ਇਹ ਚੰਡੀ ਦਾ ਰੂਪ ਵੀ ਹੋ ਸਕਦੀ ਏ, ਇਹ ਮਾਈ ਭਾਗੋ ਵੀ ਹੋ ਸਕਦੀ ਏ, ਇਹ ਗੁਲਾਬ ਕੌਰ ਵੀ ਹੋ ਸਕਦੀ ਏ, ਇਹ ਔਰਤਾਂ ਦੇ ਹੱਕਾਂ ਲਈ ਲੜਣ ਵਾਲੀ ਵਿਮਲਾ ਡਾਂਗ ਵੀ ਹੋ ਸਕਦੀ ਏ – ਵਿਮਲਾ ਡਾਂਗ ਦਾ ਨਾਂ ਲਿਆ ਹੈ ਤਾਂ ਮੈਨੂੰ ਇਕ ਪੁਰਾਣੀ ਯਾਦ ਆ ਗਈ। ਇਹ ਗੱਲ ਸਾਲ 1943 ਦੀ ਹੈ, ਜਦੋਂ ਬੰਗਾਲ ’ਚ ਕਾਲ ਪਿਆ, ਤਿੰਨ ਕੁੜੀਆਂ ਪਿੰਡ ਭਕਨਾ ਮੇਰੇ ਕੋਲ ਆਈਆਂ, ਪਰੋਨ, ਨਿਟੋ ਤੇ ਵਿਮਲਾ – ਮੈਨੂੰ ਕਿਹਾ ਕਿ ਉਹ ਕਾਲ ਪੀੜਤਾਂ ਲਈ ਝੋਨਾਂ ਇਕੱਠਾ ਕਰਨ ਆਈਆਂ ਹਨ ਤੈਂ ਉਹਨਾਂ ਦੇ ਨਾਲ ਚਲਾਂ। ਪੰਜਾਬ ਵਿਚ ਝੋਨਾ ਲਾਉਣ ਦੀ ਰੁੱਤ ਸੀ, ਮੈਂ ਕਿਹਾ ਸਾਡੇ ਤਾਂ ਹੁਣ ਝੋਨਾ ਲਾਉਣ ਦੀ ਰੁੱਤ ਹੈ, ਤੁਸੀਂ ਇੰਝ ਕਰੋ, ਪੰਜ ਮਰਲੇ ਪੈਲੀ ਮੈਂ ਤੁਹਾਨੂੰ ਦੇਂਦਾ ਹਾਂ, ਪਰ ਸ਼ਰਤ ਇਹ ਹੈ ਕਿ ਤੁਸੀਂ ਉਸ ਨੂੰ ਆਪਣੀ ਹੱਥੀਂ ਬਣਾਉ ਤੇ ਆਪ ਲਾਓ। ਜਦ ਤੁਹਾਡਾ ਝੋਨਾ ਪੱਕੇਗਾ ਤਾਂ ਵੇਚਕੇ ਤੁਹਾਨੂੰ ਪੈਸੇ ਦੇ ਦੇਵਾਂਗਾ – ਵੇਚਣਾ ਮੇਰੀ ਜ਼ਿੰਮੇਵਾਰੀ – ਉਹਨਾਂ ਜ਼ਮੀਨ ਬਨਾਉਣੀ ਸ਼ੁਰੂ ਕਰ ਦਿੱਤੀ – ਹੱਥੀ ਛਾਲੇ ਤਾਂ ਪੈ ਗਏ ਪਰ ਹਿੰਮਤ ਨਾ ਹਾਰੀ। ਲੋਕੀ ਵੇਖਕੇ ਹੈਰਾਨ ਸਨ ਕਿ ਇਹ ਪੜ੍ਹੀਆਂ ਲਿਖੀਆਂ ਕੁੜੀਆਂ ਹੱਥੀਂ ਛਾਲੇ ਪੈਣ ’ਤੇ ਵੀ ਨਾ ਘਬਰਾਈਆਂ। ਲੋਕਾਂ ਦੇ ਦਿਲਾਂ ਉਤੇ ਬੜਾ ਅਸਰ ਹੋਇਆ। ਅਖੀਰ ਇਨ੍ਹਾਂ ਝੋਨਾ ਲਾ ਲਿਆ – ਜਦ ਝੋਨਾ ਲਗ ਗਿਆ ਤਾਂ ਮੈਂ ਪੁਛਿਆ ਤੁਹਾਡਾ ਖੇਤ ਮੈਂ ਖਰੀਦਣਾ ਚਾਹੁੰਦਾ ਹਾਂ, ਦੱਸੋ ਕੀ ਲੈਣਾ ਏ? ਤੇ ਜੋ ਬੀਬੀਆਂ ਅਖਿਆ ਝੋਨੇ ਦਾ ਮੁੱਲ ਦੇ ਦਿੱਤਾ

– ਪਹਿਲੇ ਪਹਿਰ ਇਹ ਖੇਤ ਬਨਾਉਣ ਤੇ ਝੋਨਾ ਲਾਉਣ ਦਾ ਕੰਮ ਕਰਦੀਆਂ ਤੇ ਪਿਛਲੇ ਪਹਿਰ ਦਵਾਈਆਂ ਤੇ ਮਲ੍ਹਮ ਪੱਟੀ ਲੈਕੇ ਨੇੜੇ ਦੇ ਪਿੰਡ ਵਿਚ ਬੱਚਿਆਂ ਤੇ ਹੋਰ ਬਿਮਾਰਾਂ ਦੀ ਸੇਵਾ ਕਰਦੀਆਂ। ਬੱਚਿਆਂ ਦੀਆਂ ਮਾਵਾਂ ਤਾਂ ਇਹਨਾਂ ਨੂੰ ਦੇਵੀਆਂ ਹੀ ਸਮਝਦੀਆਂ। ਇਹਨਾਂ ਦੇ ਜਾਣ ਪਿੱਛੇ ਕਈ ਦਿਨਾਂ ਤੱਕ ਮੈਨੂੰ ਆਕੇ ਪੁੱਛਦੀਆਂ ਰਹੀਆਂ – ਬਾਬਾ ਜੀ ਬੀਬੀਆਂ ਫੇਰ ਕਦੋਂ ਆਉਣਗੀਆਂ ? ਮੈਂ ਸਮਝਦਾ ਹਾਂ ਕਿ ਨਿਰੀ ਰਾਜਨੀਤੀ ਲੋਕਾਂ ਨੂੰ ਏਨੀ ਅਮੀਰ ਨਹੀਂ ਕਰਦੀ ਜਿੰਨੀ ਅਸਲੀ ਸੇਵਾ। ਵਿਮਲਾ ਡਾਂਗ ਹਾਲੀ ਤੱਕ ਲੋਕਾਂ ਵਿਚ ਇਸੇ ਸੋਚ ਨਾਲ ਕੰਮ ਕਰ ਰਹੀ ਹੈ। ਗਦਰੀ ਬਾਬਿਆਂ ਦੇ ਮੇਲੇ 'ਤੇ ਮੈਂ ਇਹ ਸਚਾਈ ਰਿਕਾਰਡ ਕਰਨਾ ਚਾਹੁੰਦਾ ਹਾਂ – ਕਦੋਂ ਮਿਲਣਗੀਆਂ ਪੰਜਾਬ ਨੂੰ ਇਹੋ ਜਿਹੀਆਂ ਔਰਤਾਂ – ਆਉਣ ਵਾਲੇ ਸਮੇਂ ਵਿਚ ਇਹਨਾਂ ਦੇ ਕੰਮ ਨੂੰ ਸੋਨੇ ਦੇ ਹਰਫਾਂ ਵਿਚ ਲਿਖਿਆ ਯਾਦ ਕੀਤਾ ਜਾਏਗਾ –

ਬੜੇ ਰੂਪ ਨੇ ਭਾਰਤ ਦੀ ਨਾਰੀ ਦੇ, ਸਤਿ ਸਵਿਤ੍ਰੀ ਤੋਂ ਲੈ ਕੇ ਅੱਜ ਆਪਣੇ ਹੱਕਾਂ ਦੀ ਰਾਖੀ ਕਰਦੀ ਜਾਗ੍ਰਿਤ ਔਰਤ –

ਰੰਧਾਵਾ : ਮੈਂ ਤੈਨੂੰ ਸਿੱਧਾ ਤੀਰ ਕਰ ਦੇਵਾਂਗਾ, ਸਾਲੀਏ ਤੂੰ ਆਪਣੇ ਆਪ ਨੂੰ ਸਮਝਦੀ ਕੀ ਏਂ ?

ਅੰਮ੍ਰਿਤ : ਤੇ ਤੂੰ ਆਪਣੇ ਆਪ ਨੂੰ ਕੀ ਸਮਝਦਾ ਏਂ ?

ਰੰਧਾਵਾ : ਮੈਂ ਇਸ ਘਰ ਦਾ ਮਾਲਕ ਹਾਂ

ਅੰਮ੍ਰਿਤ : ਮੈਂ ਇਸ ਘਰ ਦੀ ਮਾਲਕਣ ਹਾਂ। ਬਕਾਇਦਾ ਵਿਆਹਕੇ ਇਥੇ ਆਈ ਹਾਂ.. ਇਸ ਘਰ ਵਿਚ ਜੋ ਕੁਝ ਹੈ, ਇਹਦੀ ਮੈਂ ਬਰਾਬਰ ਦੀ ਹੱਕਦਾਰ ਹਾਂ।

ਰੰਧਾਵਾ : ਨਾ ਤੂੰ ਇਹ ਬਰਾਬਰੀ ਦੀ ਗੱਲ ਕਿਥੋਂ ਸਿਖ ਲਈ ?

ਅੰਮ੍ਰਿਤ : ਅੱਜ ਦੇ ਸਮੇਂ ਨੇ ਇਹ ਗੱਲ ਮੈਨੂੰ ਸਿਖਾਈ।

ਰੰਧਾਵਾ : ਸਮੇਂ ਕਈ ਆਏ ਤੇ ਸਮੇਂ ਕਈ ਗਏ, ਪਰ ਇਸ ਸਮਾਜ ਵਿਚ ਹਮੇਸ਼ਾਂ ਮਰਦ ਦੀ ਪ੍ਰਧਾਨਗੀ ਰਹੀ।

ਅੰਮ੍ਰਿਤ : ਇਹ ਗੱਲਾਂ ਹੁਣ ਵੇਲਾ ਵਿਹਾ ਚੁੱਕੀਆਂ ਹਨ, ਅੱਜ ਮਨੁੱਖ ਦੀ ਮਾਂ ਆਪਣੇ ਹੱਕਾਂ ਬਾਰੇ ਚੇਤਨ ਹੋ ਚੁੱਕੀ ਹੈ।

ਰੰਧਾਵਾ : ਜਿੰਨੀ ਮਰਜ਼ੀ ਚੇਤਨਾ ਹੋ ਜਾਏ, ਪਰ ਮਨੁੱਖ ਦੀ ਮਾਂ ਇਹ ਨਾ ਭੁੱਲੇ ਕਿ ਮਰਦ ਦੀ ਪ੍ਰਧਾਨਤਾ ਹਮੇਸ਼ਾਂਸਮਾਜ ਵਿਚ ਰਹੀ ਹੈ, ਅੱਜ ਵੀ ਹੈ ਤੇ ਆਉਣ ਵਾਲੇ ਸਮੇਂ ਵਿਚ ਵੀ ਰਹੇਗੀ –

ਅੰਮ੍ਰਿਤ : ਪਿਛੇ ਦੀ ਗੱਲ ਪਿਛੇ ਰਹਿ ਗਈ, ਅੱਜ ਦਾ ਸਮਾਂ ਹੋਰ ਹੈ ਤੇ ਆਉਣ

ਵਾਲਾ ਸਮਾਂ ਹੋਰ ਹੋਵੇਗਾ।

ਰੰਧਾਵਾ : ਬਕਵਾਸ ਕਰਦੀ ਏਂ, ਠਹਿਰ ਤੈਨੂੰ ਸਬਕ ਸਿਖਾਵਾਂ।

*(ਹੱਥ ਚੁੱਕਦਾ ਹੈ ਤੇ ਬਾਬਾ ਜੀ ਹੱਥ ਪਕੜ ਲੈਂਦੇ ਹਨ – ਅੰਮ੍ਰਿਤ ਇਕ ਪਾਸੇ ਬਾਹਰ ਜਾਂਦੀ ਹੈ।ਰੰਧਾਵਾ ਉਹਨੂੰ ਘੂਰਕੇ ਦੂਜੇ ਪਾਸੇ ਜਾਂਦਾ ਹੈ।)*

ਬਾਬਾ : ਇਹ ਬੰਦਾ ਜੋ ਗਿਆ ਹੈ, ਇਹ ਮੇਰੇ ਨਾਟਕ ਦਾ ਇਕ ਹੋਰ ਪਾਤਰ ਹੈ, ਹੰਕਾਰਿਆ ਹੋਇਆ ਮਰਦ, ਪਰ ਡਰਪੋਕ ਮਰਦ – ਸੁਆਰਥੀ ਮਰਦ, ਕਾਮਾਗਾਟਾਮਾਰੂ ਜਹਾਜ਼ ਦੀ ਮੁਸਾਫਿਰ ਬਣੀ।ਗੁਰੂ ਦੇ ਸਿੰਘ ਜਦੋਂ ਗੁਰੂ ਨੂੰ ਬੇਦਾਵਾ ਲਿਖਕੇ ਦੇ ਕੇ ਆਏ ਤਾਂ ਮਾਈ ਭਾਗੋ ਨੇ ਇਹਨਾਂ ਦੀ ਥਾਂ ਲਈ। ਇਹ ਬੇਲਾ ਸਿੰਘ ਵੀ ਹੋ ਸਕਦਾ ਏ, ਇਹ ਕ੍ਰਿਪਾਲ ਸਿੰਘ ਵੀ ਹੋ ਸਕਦਾ ਏ ਜਿਵੇਂ 19 ਫਰਵਰੀ 1915 ਗ਼ਦਰ ਦੀ ਮੁਖਬਰੀ ਕੀਤੀ, ਜਿਸਨੂੰ ਫੇਰ 11 ਜੁਲਾਈ 1931 ਇਸ ਦੀ ਸਜ਼ਾ ਦਿੱਤੀ ਗਈ। ਇਹ ਗੁੰਡਾ ਕਿਸਮ ਦਾ ਹਾਕਮ ਪਾਰਟੀ ਦਾ ਇਕ ਕਾਰਕੁੰਨ ਵੀ ਹੋ ਸਕਦਾ ਹੈ ਤੇ ਇਹ ਕਿਸੇ ਮਾਸੂਮ ਕੁੜੀ ਨਾਲ ਬਲਾਤਕਾਰ ਕਰਨ ਵਾਲਾ ਵੀ ਹੋ ਸਕਦਾ ਏ, ਇਹਨਾਂ ਪਾਤਰਾਂ ਵਿਚ ਇਹ ਨਾਟਕ ਤੁਰਦਾ ਹੈ – ਇਹ ਰਾਜਸੀ ਪਾਰਟੀ ਦੇ ਕਿਸੇ ਚੇਅਰਮੈਨ ਤੋਂ ਸ਼ੁਰੂ ਹੁੰਦਾ ਹੈ

*(ਟੈਲੀਫ਼ੂਨ ਦੀ ਘੰਟੀ ਵੱਜਦੀ ਹੈ, ਗੁਰਮੀਤ ਸਿੰਘ ਰੰਧਾਵਾ ਆ ਕੇ ਟੈਲੀਫ਼ੂਨ ਪਕੜਦਾ ਹੈ।)*

ਰੰਧਾਵਾ : ਹੈਲੋ, ਮੈਂ ਗੁਰਮੀਤ ਸਿੰਘ ਰੰਧਾਵਾ ਬੋਲ ਰਿਹਾ ਹਾਂ, ਗੱਲ ਇਸ ਤਰ੍ਹਾਂ ਹੈ ਕਿ ਪ੍ਰਧਾਨ ਸਾਹਿਬ ਨੇ ਹਦਾਹਿਤ ਕੀਤੀ ਹੈ ਜਿਹੜੀ ਰਾਤ ਦੀ ਮੀਟਿੰਗ ਦੇ ਬਾਅਦ ਮਹਿਫਲ ਲੱਗਣੀ ਹੈ ਉਹ ਰੰਗੀਨ ਹੋਣੀ ਚਾਹੀਦੀ ਹੈ, ਰੰਗੀਨ ਦਾ ਮਤਲਬ ਤੂੰ ਸਮਝਦਾ ਹੀ ਏਂ। ਸ਼ਹਿਰ ਦੇ ਪਤਵੰਤੇ ਸੱਜਣ ਅਤੇ ਵੱਡੇ ਅਫਸਰ ਵੀ ਬੁਲਾਏ ਹਨ, ਇਹ ਸਾਰਾ ਇੰਤਜ਼ਾਮ ਤੇਰੇ ਜ਼ਿੰਮੇ ਹੈ – ਹਾਂ ਹੋਰ ਗੱਲ ਰਾਤ ਬਾਅਦ ਵਿਚ ਹੋਟਲ ਕਮਰਾ ਬੁੱਕ ਕਰਵਾ ਦੇਵੀਂ, ਅੱਜ ਸਵੇਰੇ ਜਿਹੜੀ ਕੁੜੀ ਪਿੰਡ ਤੋਂ ਨੌਕਰੀ ਲੈਣ ਆਈ ਸੀ, ਉਹ ਠੀਕ ਏ – ਮੈਂ ਬਾਰ੍ਹਾਂ ਵਜੇ ਦੇ ਬਾਦ ਹੀ ਪੁਜਾਂਗਾ –

*(ਟੈਲੀਫ਼ੂਨ ਥੱਲੇ ਰੱਖਦਾ ਹੈ)*

ਬਾਬਾ : ਬਰਖੁਰਦਾਰ, ਤੂੰ ਰਾਤੀਂ ਬਾਰ੍ਹਾਂ ਵਜੇ ਪੁੱਜਣਾ ਏ ?

ਰੰਧਾਵਾ : ਤੁਸੀਂ ਕਿਉਂ ਪੁੱਛਦੇ ਹੋ ?

ਬਾਬਾ : ਮੈਂ ਇਕ ਨਾਟਕ ਦਾ ਲੇਖਕ ਹਾਂ, ਤੇ ਤੂੰ ਮੇਰੇ ਨਾਟਕ ਦਾ ਪਾਤਰ

ਏਂ

ਰੰਧਾਵਾ : ਮੈਂ ਨਹੀਂ ਕੁਝ ਦੱਸ ਸਕਦਾ

ਬਾਬਾ : ਨਾ ਦੱਸ, ਪਰ ਮੈਨੂੰ ਸਭ ਕੁਝ ਪਤਾ ਏ।

ਰੰਧਾਵਾ : ਕੀ ਪਤਾ ਏ ?

ਬਾਬਾ : ਤੁਹਾਡੀਆਂ ਦੋ ਸ਼ਖਸੀਅਤਾਂ ਨੇ ਦੋ ਜ਼ਿੰਦਗੀਆਂ ਨੇ, ਦਿਨੇਂ ਤੁਸੀਂ ਲੋਕਾਂ ਦੇ ਸੇਵਕ ਹੁੰਦੇ ਹੋ ਤੇ ਰਾਤੀਂ ਤੁਸੀਂ ਠੱਗ, ਚੋਰ, ਲੁੱਚੇ, ਬਦਮਾਸ਼। 50 ਸਾਲ ਤੁਸੀਂ ਇਹ ਬਦਮਾਸ਼ੀਆ ਚਲਾਉਂਦੇ ਰਹੇ ਹੋ, ਹੁਣ ਤੁਸੀਂ ਨੰਗੇ ਹੋ ਰਹੇ ਹੋ। ਤੁਹਾਡੇ ਵਡੇ ਤੋਂ ਵਡੇ ਆਗੂ ਅਦਾਲਤਾਂ ਵਿਚ ਪੇਸ਼ ਹਨ।

ਰੰਧਾਵਾ : ਅਦਾਲਤਾਂ ਵਿਚ ਪੇਸ਼ ਹਨ ਤਾਂ ਫੇਰ ਕੀ ਏ ? ਅਦਾਲਤਾਂ ਨੇ ਆਪਣਾ ਕੰਮ ਕਰਨਾ ਏ, ਅਸੀਂ ਆਪਣਾ ਕੰਮ ਕਰਨਾ ਏ – ਲੋਕਾਂ ਨੇ ਖ਼ਬਰਾਂ ਪੜ੍ਹਣੀਆਂ ਨੇ। ਖ਼ਬਰਾਂ ’ਤੇ ਚਰਚਾ ਕਰਨੀ ਏ ਤੇ ਫੇਰ ਭੁੱਲ ਜਾਣਾ ਏ, ਸਾਡਾ ਕੰਮ ਚਲਦਾ ਰਹਿਣਾ ਏ – ਬਾਬਾ ਜੀ ਤੁਹਾਡੀ ਉਮਰ ਬਹੁਤ ਹੋ ਗਈ ਏ, ਚੰਗਾ ਇਹੀ ਏ ਕਿ ਆਰਾਮ ਕਰੋ, ਵਾਹਿਗੁਰੂ ਵਾਹਿਗੁਰੂ ਕਰੋ – ਤੁਹਾਡੀਆਂ ਲਿਖਤਾਂ ਪੜ੍ਹੀਆਂ ਨੇ, ਬੜੇ ਦੁੱਖ ਤੁਸੀਂ ਝੱਲੇ ਨੇ, ਕਾਲੇ ਪਾਣੀਆਂ ਵਿਚ ਤਸੀਹੇ ਸਹੇ ਨੇ, ਤੁਹਾਡੀ ਪਿੱਠ ਦੂਹਰੀ ਹੋ ਗਈ।

ਬਾਬਾ : ਇਹ ਤਸੀਹਿਆਂ ਨਾਲ ਨਹੀਂ ਹੋਈ, ਇਹ ਆਜ਼ਾਦੀ ਦੇ ਬਾਅਦ ਤੁਹਾਡੀ ਜੇਲ੍ਹ ਵਿਚ ਜਿਹੜੀ ਭੁੱਖਹੜਤਾਲ ਕੀਤੀ, ਉਹਦੇ ਕਰਕੇ ਹੋਈ ਏ

ਰੰਧਾਵਾ : ਚਲੋ ਜਿਸ ਤਰ੍ਹਾਂ ਵੀ ਹੋਈ। ਮਾਰ ਤੁਸੀਂ ਖਾਧੀ, ਹਕੂਮਤ ਅਸੀਂ ਸਾਂਭੀ – ਤੇ ਤੁਸੀਂ ਪੁਛਿਆ ਏ ਕਿ ਬਾਰ੍ਹਾਂ ਵਜੇ ਕਿਥੇ ਜਾਣਾ ਏ – ਇਕ ਹੋਟਲ ਵਿਚ ਜਾਣਾ ਏ, ਰਾਤ ਉਥੇ ਕੱਟਣੀ ਏ – ਤੇ ਰਾਤ ਬਾਹਰ ਹੋਟਲ ਵਿਚ ਕੱਟਣ ਦਾ ਕੀ ਮਤਲਬ ਹੁੰਦਾ ਹੈ, ਇਹ ਤੁਸੀਂ ਨਹੀਂ ਸਮਝ ਸਕਦੇ , ਜਿਸਨੇ ਭਕਨੇ ਪਿੰਡ ਵਿਚ ਹੀ ਜ਼ਿੰਦਗੀ ਗੁਜ਼ਾਰ ਦਿੱਤੀ – ਮੈਂ ਤੁਹਾਡੇ ਨਾਟਕ ਦਾ ਪਾਤਰ ਹਾਂ, ਜਿਸ ਤਰ੍ਹਾਂ ਮਰਜ਼ੀ ਮੈਨੂੰ ਢਾਲ ਲਵੋ, ਇਹ ਤੁਹਾਨੂੰ ਆਜ਼ਾਦੀ ਏ, ਮੈਂ ਕੀ ਕਰਨਾ ਏ, ਇਹ ਮੈਨੂੰ ਆਜ਼ਾਦੀ ਏ।

ਬਾਬਾ : ਤੇ ਇਹ ਮੇਰਾ ਪਾਤਰ ਏ। ਜੋ ਤੁਸੀਂ ਕਵੋ ਕਿ ਆਜ਼ਾਦੀ ਦੇ ਬਾਅਦ ਕਰੋੜਾਂ ਲੋਕਾਂ ਦੇ ਸੁਪਨੇ ਤਹਿਸ ਨਹਿਸ ਹੋ ਗਏ ਨੇ ਤਾਂ ਇਹਦੀ ਜ਼ਿੰਮੇਵਾਰੀ ਇਹਨਾਂ ਲੋਕਾਂ ’ਤੇ ਹੈ। ਹੁਣੇ ਫੋਨ ’ਤੇ ਇਹ ਇਕ ਕੁੜੀ ਦੀ ਗੱਲ ਕਰ ਰਿਹਾ ਸੀ। ਇਹ ਇਹਦੇ ਆਪਣੇ ਇਲਾਕੇ ਮਾਸਟਰ

ਗਰੀਬ ਦਾਸ ਦੀ ਲੜਕੀ ਏ। ਥੋੜਾ ਪੜ੍ਹ ਗਈ ਏ, ਇਹਨੇ ਉਹਨੂੰ ਨੌਕਰੀ ਦੇਣ ਦੇ ਲਾਲਚ ਰਾਜਧਾਨੀ ਵਿਚ ਬੁਲਾਇਆ ਹੈ। ਇਹ ਇਹਨਾਂ ਦਾ ਦਸਤੂਰ ਹੈ ਕਿ ਕਿਸੇ ਲੜਕੀ ਨੂੰ ਬੁਲਾਓ ਦੁਪਹਿਰ ਤੱਕ ਇਥੇ ਪੁੱਜੇਗੀ, ਕਿਸੇ ਦਫਤਰ ਵਿਚ ਉਹਦੀ ਅਰਜ਼ੀ ਲੈ ਲਵੋ ਤੇ ਫੇਰ ਅਸਲੀ ਸਵੇਰ ਦਾ ਉਹਨੂੰ ਵਕਤ ਦੇ ਦੇਵੋ ਕਿ ਉਹ ਆਪਣੀ appointment letter ਲੈ ਲਵੇ – ਦੁਪਹਿਰ ਤੇ ਅਗਲੀ ਸਵੇਰ ਦੇ ਦਰਮਿਆਨ ਇਕ ਰਾਤ ਆਉਂਦੀ ਹੈ ਤੇ ਉਹ ਰਾਤ... ਇਹ ਨਾਟਕ ਇਕ ਰਾਤ ਵਿਚ ਜੋ ਕੁਝ ਵਾਪਰਦਾ ਹੈ, ਉਹਦਾ ਹੈ, ਪਰ ਇਹ ਜੋ ਇਸ ਦੇਸ਼ ਵਿਚ ਹੁੰਦਾ ਹੈ, ਉਹਦੀ ਵੀ ਹਕੀਕਤ ਹੈ।

*(ਬਾਬਾ ਜੀ ਇਕ ਪਾਸੇ ਤੋਂ ਬਾਹਰ ਜਾਂਦੇ ਹਨ ਤੇ ਦੂਜੇ ਪਾਸੇ ਤੋਂ ਰੰਧਾਵਾ ਅਤੇ ਕ੍ਰਾਂਤੀ ਗੱਲਾਂ ਕਰਦੇ ਆਉਂਦੇ ਹਨ, ਮਾਸਟਰ ਗਰੀਬ ਦਾਸ ਵੀ ਨਾਲ ਹਨ, ਸੈਟਿੰਗ ਇਸ ਤਰ੍ਹਾਂ ਹੈ ਕਿ ਸੈਂਟਰ ਵਿਚ ਫੋਨ ਹੈ – ਇਕ ਪਾਸੇ ਕ੍ਰਾਂਤੀ ਸਿੰਘ ਅਤੇ ਦੂਜੇ ਪਾਸੇ ਮਾਸਟਰ ਗਰੀਬ ਦਾਸ।)*

ਕ੍ਰਾਂਤੀ : ਸਰਦਾਰ ਜੀ, ਤੁਸੀਂ ਵੋਟਾਂ ਵੇਲੇ ਐਲਾਨੀਆਂ ਕਿਹਾ ਸੀ ਕਿ ਜੇ ਤੁਸੀਂ ਚੁਣੇ ਗਏ ਤਾਂ ਪਿੰਡ ਦੀ ਹਾਲਤ ਬਦਲ ਦੇਵੋਗੇ।

ਰੰਧਾਵਾ : ਕਿਹਾ ਸੀ (ਫੇਰ ਮਾਸਟਰ ਜੀ ਵੱਲ) ਗਰੀਬ ਦਾਸ ਜੀ ਤੁਹਾਡਾ ਕੰਮ ਹੋ ਜਾਏਗਾ, ਅਰਜ਼ੀ ਮੈਂ ਵੇਖ ਲਈ ਹੈ, ਬੇਟੀ ਦਾ ਕੰਮ ਹੋ ਜਾਏਗਾ। (ਫੇਰ ਕ੍ਰਾਂਤੀ ਵੱਲ)

ਕ੍ਰਾਂਤੀ : ਤੁਸੀਂ ਪਿੰਡ ਦੀਆਂ ਗਲੀਆਂ ਪੱਕੀਆਂ ਕਰਵਾ ਦੇਵੋਗੇ ?

ਰੰਧਾਵਾ : (ਮਾਸਟਰ ਜੀ ਵੱਲ) ਤੁਹਾਡੀ ਬੇਟੀ ਨੂੰ ਕਲ੍ਹ appointment letter ਮਿਲ ਜਾਏਗਾ (ਫੋਨ ਦੀ ਘੰਟੀ ਵੱਜਦੀ ਹੈ, ਫੋਨ ਚੁੱਕਦਾ ਹੈ) ਹਾਂ ਮੈਂ ਰੰਧਾਵਾ ਆਪ ਬੋਲ ਰਿਹਾ ਹਾਂ।

ਕ੍ਰਾਂਤੀ : ਤੁਸੀਂ ਸਕੂਲ ਮਿਡਲ ਤੋਂ ਹਾਈ ਕਰ ਦੇਵੋਗੇ ?

ਰੰਧਾਵਾ : (ਫੋਨ 'ਤੇ) ਜਿਸ ਤਰ੍ਹਾਂ ਮੈਂ ਤੁਹਾਨੂੰ ਹਿਦੈਤ ਦਿੱਤੀ ਸੀ, ਸਾਰਾ ਕੰਮ ਉਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ। (ਮਾਸਟਰ ਜੀ) ਕੀ ਤੁਹਾਡਾ ਇਥੇ ਕੋਈ ਰਿਸ਼ਤੇਦਾਰ ਹੈ, ਜਿਸ ਕੋਲ ਰਾਤ ਰਹਿ ਸਕਦੇ ਹੋ ?

ਗਰੀਬ ਦਾਸ : ਨਹੀਂ ਜੀ।

ਰੰਧਾਵਾ : (ਫੋਨ 'ਤੇ) ਇੰਤਜ਼ਾਮ ਹੋ ਜਾਏਗਾ (ਮਾਸਟਰ ਜੀ ਨੂੰ) ਇੰਤਜ਼ਾਮ ਹੋ ਜਾਏਗਾ –

ਕ੍ਰਾਂਤੀ : ਪਰ ਹਾਲੇ ਤੱਕ ਇਹ ਸਭ ਕੁਝ ਨਹੀਂ ਹੋਇਆ, ਲੋਕ ਬੜੇ ਗੁੱਸੇ ਵਿਚ ਹਨ।

ਰੰਧਾਵਾ : (ਫੋਨ 'ਤੇ) ਕੀ ਕਿਹਾ ਲੋਕ ਬੜੇ ਗੁੱਸੇ ਵਿਚ ਹਨ, ਉਨ੍ਹਾਂ ਨੂੰ ਠੰਡਾ ਕਰੋ (ਕ੍ਰਾਂਤੀ ਨੂੰ) ਉਹਨਾਂ ਨੂੰ ਠੰਡਾ ਕਰੋ – (ਫੋਨ ਰੱਖ ਦਿੰਦਾ ਹੈ)

ਰੰਧਾਵਾ : ਹਾਂ ਤਾਂ ਕ੍ਰਾਂਤੀ ਸਿੰਘ ਤੂੰ ਕੀ ਕਹਿ ਰਿਹਾ ਸੀ ?

ਕ੍ਰਾਂਤੀ : ਨਾ ਪਿੰਡ ਦੀ ਹਾਲਤ ਬਦਲੀ ਹੈ, ਨਾ ਪਿੰਡ ਦੀਆਂ ਨਾਲੀਆਂ ਪੱਕੀਆਂ ਹੋਈਆਂ ਹਨ, ਨਾ ਸਕੂਲ ਅਪਗਰੇਡ ਹੋਇਆ ਹੈ, ਲੋਕ ਜਵਾਬ ਮੰਗਦੇ ਹਨ ਕਿ ਇਹ ਸਭ ਕੁਝ ਕਦੋਂ ਹੋਵੇਗਾ ?

ਰੰਧਾਵਾ : ਕ੍ਰਾਂਤੀ ਸਿੰਘ ਤੂੰ ਜੋਸ਼ ਵਿਚ ਨਾ ਆ, ਇਹ ਸਭ ਕੁਝ ਹੋਵੇਗਾ। ਤੂੰ ਇਹ ਦੱਸ ਤੈਨੂੰ ਆਪਣੇ ਲਈ ਕੀ ਚਾਹੀਦਾ ਏ ?

ਕ੍ਰਾਂਤੀ : ਮੈਂ ਤੁਹਾਡਾ ਮਤਲਬ ਨਹੀਂ ਸਮਝਿਆ।

ਰੰਧਾਵਾ : ਹੁਣ ਮਤਲਬ ਵੀ ਮੈਨੂੰ ਦੱਸਣਾ ਪਵੇਗਾ – ਤੈਨੂੰ ਇੰਸਪੈਕਟਰੀ ਚਾਹੀਦੀ ਹੈ, ਤਾਂ ਤੈਨੂੰ ਮੰਡੀ ਬੋਰਡ ਦਾ ਇੰਸਪੈਕਟਰ ਲਗਵਾ ਦੇਂਦੇ ਹਾਂ, ਕੋਈ ਤੇਲ ਦਾ ਡਿਪੂ ਚਾਹੀਦਾ ਏ, ਦਿਵਾ ਦੇਂਦੇ ਹਾਂ।

ਕ੍ਰਾਂਤੀ : ਤੁਸੀਂ ਮੈਨੂੰ ਖਰੀਦਨਾਂ ਚਾਹੁੰਦੇ ਹੋ ?

ਰੰਧਾਵਾ : ਨਹੀਂ ਸਿਰਫ ਮਦਦ ਕਰਨਾ ਚਾਹੁੰਦਾ ਹਾਂ – ਇਹ ਜਿਹੜੇ ਧਰਨੇ ਵਗੈਰਾ ਤੁਸੀਂ ਲਗਾਉਂਦੇ ਹੋ, ਕੋਈ ਚੰਗੀ ਗੱਲ ਨਹੀਂ, ਸੋਚ ਲੈ – (ਮੁੜਕੇ) ਹਾਂ ਤੇ ਗਰੀਬ ਦਾਸ ਜੀ, ਜੇ ਤੁਹਾਡਾ ਇਥੇ ਰਿਸ਼ਤੇਦਾਰ ਨਹੀਂ, ਤੁਸੀਂ ਬੇਸ਼ਕ ਪਿੰਡ ਵਾਪਸ ਚਲੇ ਜਾਓ – ਮੈਂ ਆਪਣੇ ਸੈਕਟਰੀ ਨੂੰ ਕਹਿ ਦੇਂਦਾ ਹਾਂ, ਬੀਬਾ ਦਾ ਰਾਤ ਰਹਿਣ ਦਾ ਇੰਤਜ਼ਾਮ ਹੋ ਜਾਏਗਾ – ਔਰਤਾਂ ਦੀ ਕਾਨਫਰੰਸ ਹੋ ਰਹੀ ਏ, ਹੋਰਨਾਂ ਔਰਤਾਂ ਨੇ ਵੀ ਰਹਿਣਾ ਏ – ਬੀਬਾ ਵੀ ਉਹਨਾਂ ਨਾਲ ਰਹਿ ਲਵੇਗੀ। (ਕ੍ਰਾਂਤੀ ਵੱਲ) ਤੂੰ ਸੋਚ ਲਵੀਂ – ਅਸੀਂ ਤਾਂ ਲੋਕਾਂ ਦੀ ਸੇਵਾ ਹੀ ਕਰਨੀ ਏ (ਘੰਟੀ ਵਜਦੀ ਹੈ ਤੇ ਉਹ ਫੋਨ ਚੁੱਕਦਾ ਹੈ) ਹਾਂ ਜੇ ਸਾਰੇ ਲੋਕ ਆ ਗਏ ਹਨ ਤਾਂ ਮੈਂ ਵੀ ਆ ਰਿਹਾ ਹਾਂ – (ਫੋਨ ਰੱਖਦਾ ਹੈ) ਗਰੀਬ ਦਾਸ ਜੀ ਤੁਹਾਡਾ ਕੰਮ ਹੋ ਜਾਏਗਾ। (ਬਾਹਰ ਜਾਣ ਲਗਦਾ ਹੈ ਤਾਂ ਕ੍ਰਾਂਤੀ ਦੀ ਆਵਾਜ਼ ਉਹਨੂੰ ਰੋਕਦੀ ਹੈ।)

ਕ੍ਰਾਂਤੀ : ਸਰਦਾਰ ਜੀ, ਚਲੇ ਹੋ ਤਾਂ ਮੇਰੀ ਇਕ ਗੱਲ ਸੁਣ ਲਵੋ, ਤੁਹਾਡੀਆਂ ਇਹ ਲਿਫਾਫੇਬਾਜ਼ੀਆਂ ਹਮੇਸ਼ਾਂ ਨਹੀਂ ਚੱਲਣੀਆਂ।

ਰੰਧਾਵਾ : (ਜਾਂਦਿਆਂ ਹੋਇਆਂ) ਦੇਖ ਲਵਾਂਗੇ।

ਗਰੀਬ ਦਾਸ : (ਰੰਧਾਵਾ ਦੇ ਜਾਣ ਤੋਂ ਬਾਅਦ) ਬਰਖੁਰਦਾਰ, ਤੈਨੂੰ ਸਰਦਾਰ ਸਾਹਿਬ ਬਾਰੇ ਇਸ ਤਰ੍ਹਾਂ ਨਹੀਂ ਬੋਲਦਾ ਚਾਹੀਦਾ ਸੀ।

ਕ੍ਰਾਂਤੀ : ਮਾਸਟਰ ਜੀ, ਤੁਹਾਨੂੰ ਇਸ ਬੰਦੇ ਦਾ ਨਹੀਂ ਪਤਾ –

ਗਰੀਬ ਦਾਸ : ਅੱਛਾ, ਤੇਰੀਆਂ ਤੂੰ ਜਾਣੇ। ਅਸੀਂ ਤਾਂ ਫਰਿਯਾਦੀ ਹਾਂ ਫਰਿਯਾਦ

ਹੀ ਕਰਨੀ ਏਂ। ਬੇਟੀ ਦਾ ਕੰਮ ਹੋ ਜਾਂਏ ਤਾਂ ਕਿੰਨੇ ਸਾਰੇ ਫਿਕਰ ਦੂਰ ਹੋ ਜਾਣ।

*(ਨਿਮੋਝੂਣਾ ਹੋ ਕੇ ਬਾਹਰ ਜਾਂਦਾ ਹੈ)*

ਕ੍ਰਾਂਤੀ : (ਆਪਣੇ ਆਪ ਨੂੰ) ਸਾਧਾਰਨ ਬੰਦਾ ਲੋੜਵੰਦ ਹੁੰਦਾ ਹੈ। ਕੁਰਸੀ 'ਤੇ ਬੈਠੇ ਉਹਦਾ ਫਾਇਦਾ ਉਠਾਉਂਦੇ ਹਨ – ਗਰੀਬ ਦਾਸ ਇਹ ਉਮੀਦ ਕਰਦਾ ਪਿੰਡ ਚਲਿਆ ਜਾਏਗਾ ਕਿ ਉਹਦੀ ਬੇਟੀ ਨੂੰ ਕਲ੍ਹ ਨੌਕਰੀ ਮਿਲ ਜਾਏਗੀ ਪਰ ਕੀ ਇਹ ਮਿਲੇਗੀ ? ਇਹ ਤਾਂ ਵੇਖਣ ਵਾਲੀ ਗੱਲ ਹੈ।

*(ਬਾਹਰ ਜਾਂਦਾ ਹੈ – ਥੋੜਾ ਵਕਫਾ, ਦੂਜੇ ਪਾਸੇ ਤੋਂ ਅੰਮ੍ਰਿਤ ਆਉਂਦੀ ਹੈ, ਏਧਰ ਓਧਰ ਦੇਖਦੀ ਹੈ ਤੇ ਫੇਰ ਸੁੰਗੜ ਕੇ ਬੈਠ ਜਾਂਦੀ ਹੈ।)*

ਅੰਮ੍ਰਿਤ : (ਆਪਣੇ ਆਪ ਵਿਚ) ਇਹ ਸੈਕਟਰੀ ਮੈਨੂੰ ਇਥੇ ਕਿਉਂ ਛੱਡ ਗਿਆ ਹੈ। ਬਾਪੂ ਹੋਰੀਂ ਤਾਂ ਕਹਿੰਦੇ ਸਨ ਕਿ ਹੋਰ ਵੀ ਬਹੁਤ ਸਾਰੀਆਂ ਕੁੜੀਆਂ ਇਥੇ ਹੋਣਗੀਆਂ ਪਰ ਇਥੇ ਤਾਂ ਕੋਈ ਨਹੀਂ, ਉਤੋਂ ਅੱਧੀ ਰਾਤ ਹੋ ਗਈ ਏ।

*(ਰੰਧਾਵਾ ਦਾਖ਼ਲ ਹੁੰਦਾ ਹੈ, ਉਹਦੇ ਵੱਲ ਦੇਖਦਾ ਹੈ।)*

ਅੰਮ੍ਰਿਤ : ਤੁਸੀਂ ?ਇਥੇ ?

ਰੰਧਾਵਾ : ਹਾਂ, ਮੈਂ।

ਅੰਮ੍ਰਿਤ : ਮੈਨੂੰ ਇਥੇ ਕਿਉਂ ਲਿਆਇਆ ਗਿਆ ਏ ?

ਰੰਧਾਵਾ : ਦੱਸਦੇ ਹਾਂ ਏਨੀ ਕਾਹਲੀ ਕਾਹਦੀ ਏ ?

ਅੰਮ੍ਰਿਤ : ਕਾਹਲੀ ਹੀ ਏ, ਮੈਂ ਇਥੇ ਨਹੀਂ ਠਹਿਰ ਸਕਦੀ।

ਰੰਧਾਵਾ : ਠਹਿਰ ਨਹੀਂ ਸਕਦੀ ? ਇਹ ਕੀ ਗੱਲ ਹੋਈ ? ਤੂੰ ਜਾਏਂਗੀ ਕਿਥੇ ? ਬਾਕੀ ਤੈਨੂੰ ਇਥੇ ਕਿਉਂ ਬੁਲਾਇਆ ਗਿਆ ਏ ? ਨੌਕਰੀ ਦੇਣ ਲਈ ਬੁਲਾਇਆ ਏ। ਨੌਕਰੀ ਤੈਨੂੰ ਕਲ੍ਹ ਮਿਲੇਗੀ ਤੇ ਉਹਦਾ ਜਸ਼ਨ ਅਸੀਂ ਅੱਜ ਮਨਾਵਾਂਗੇ।

ਅੰਮ੍ਰਿਤ : ਇਹ ਜਸ਼ਨ ਤੁਹਾਨੂੰ ਮਹਿੰਗਾ ਵੀ ਪੈ ਸਕਦਾ ਏ।

ਰੰਧਾਵਾ : ਮਹਿੰਗੀਆਂ ਕੀਮਤਾਂ ਦੇਣ ਦੇ ਅਸੀਂ ਆਦੀ ਹਾਂ। ਇਹ ਹੋਟਲ ਦਾ ਕਮਰਾ, ਇਥੇ ਇਕ ਰਾਤ ਕੱਟਣ ਲਈ 2500/– ਦੇਣਾ ਪੈਂਦਾ ਏ – ਦੇ ਦੇਈਦਾ ਹੈ। ਤੂੰ ਕਦੀਟੀ.ਵੀ. ਵਿਚ ਕੋਈ ਡਰਾਮਾ ਵੇਖਿਆ ਹੈ, ਵੇਖਿਆ ਹੋਣਾ ਹੈ ਕਿਉਂਕਿ ਟੀ.ਵੀ. ਹੁਣ ਘਰ ਘਰ ਹੈ। ਇਕ ਵੱਡਾ ਸਾਰਾ ਕਮਰਾ, ਇਕ ਇਕੱਲੀਕਾਰੀ ਕੁੜੀ ਤੇ ਇਹ ਵੱਡਾ

ਬੰਦਾ। ਉਹਨੇ ਸ਼ਰਾਬ ਪੀਤੀ ਹੁੰਦੀ ਏ – ਫੇਰ ਉਹ ਕੁੜੀ ਨਾਲ ਰਾਤ ਬਿਤਾਉਂਦਾ ਹੈ। ਉਹ ਕੁੜੀ ਤੂੰ ਏ ਤੇ ਵੱਡਾ ਬੰਦਾ ਮੈਂ –

ਅੰਮ੍ਰਿਤ : ਪਰ ਕਈ ਵਾਰੀ ਇਹ ਵੀ ਹੁੰਦਾ ਹੈ ਕਿ ਕੁੜੀ ਡਰੀ ਹੋਈ ਕੁੜੀ ਨਹੀਂ ਹੁੰਦੀ, ਸਗੋਂ ਇਕ ਦਲੇਰ ਕੁੜੀ ਹੁੰਦੀ ਹੈ। ਉਹ ਵੱਡਾ ਬੰਦਾ ਅਸਲ ਵਿਚ ਉਨ੍ਹਾਂ ਵੱਡਾ ਬੰਦਾ ਨਹੀਂ ਹੁੰਦਾ ਜਿੰਨਾ ਉਹ ਸਮਝਦਾ ਹੈ। ਅਸਲ ਵਿਚ ਉਸ ਵੱਡੇ ਬੰਦੇ ਨੂੰ ਪਤਾ ਨਹੀਂ ਹੁੰਦਾ ਕਿ ਉਹਦੀ ਮੌਤ ਉਹਦੇ ਸਿਰ 'ਤੇ ਖੜ੍ਹੀ ਏ।

ਰੰਧਾਵਾ : ਮੌਤ ?

ਕ੍ਰਾਂਤੀ : ਹਾਂ ਮੌਤ।

ਰੰਧਾਵਾ : ਤੂੰ ਕ੍ਰਾਂਤੀ ਇਥੇ ਕਿਥੇ ?

ਕ੍ਰਾਂਤੀ : ਜਿਥੇ ਦੁਸ਼ਟ ਹਾਜ਼ਰ ਹੋਣ ਉਥੇ ਕ੍ਰਾਂਤੀ ਵੀ ਹਾਜ਼ਰ ਹੋ ਸਕਦਾ ਹੈ। ਤੇਰੀ ਨੀਅਤ ਦਾ ਮੈਨੂੰ ਤਾਂ ਉਸ ਵੇਲੇ ਹੀ ਪਤਾ ਲਗ ਗਿਆ ਸੀ, ਜਦੋਂ ਤੂੰ ਮਾਸਟਰ ਗਰੀਬ ਦਾਸ ਹੋਰਾਂ ਨੂੰ ਕਹਿ ਰਿਹਾ ਸੀ ਕਿ ਉਹ ਪਿੰਡ ਚਲੇ ਜਾਣ। ਸੈਕਟਰੀ ਨੂੰ ਆਖਕੇ ਤੁਸੀਂ ਬੀਬਾ ਦੇ ਰਹਿਣਾ ਦਾ ਬੰਦੋਬਸਤ ਕਰ ਦੇਵੋਗੇ ਤੇ ਮੈਂ ਇਰਾਦਾ ਬਣਾ ਲਿਆ ਸੀ ਕਿ ਮੈਂ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਾਂਗਾ। ਤੁਹਾਡੇ ਸੈਕਟਰੀ ਦਾ ਪਿੱਛਾ ਕਰਦਾ ਮੈਂ ਵੀ ਇਸ ਹੋਟਲ 'ਤੇ ਇਸ ਕਮਰੇ ਵਿਚ ਪੁੱਜਿਆ। ਅੰਮ੍ਰਿਤ ਦੇ ਆਉਣ ਤੋਂ ਪਹਿਲਾਂ।

ਰੰਧਾਵਾ : ਤੂੰ ਕੀ ਕਰੇਂਗਾ ?

ਕ੍ਰਾਂਤੀ : ਜੋ ਭਗਤ ਸਿੰਘ ਨੇ ਸਾਂਡਰਸ ਦਾ ਕੀਤਾ ਸੀ, ਉਧਮ ਸਿੰਘ ਨੇ ਉਡਵਾਇਰ ਦਾ ਕੀਤਾ ਸੀ – ਸੋ ਤੂੰ ਮੌਤ ਲਈ ਤਿਆਰ ਹੋ ਜਾ।

*(ਕ੍ਰਾਂਤੀ ਹੱਥ ਚੁੱਕਦਾ ਹੈ, ਰੰਧਾਵਾ ਥੱਲੇ ਹੁੰਦਾ ਹੈ, ਅੰਮ੍ਰਿਤ ਵੀ ਇਕ ਮੁਦਰਾ ਵਿਚ ਹੱਥ ਚੁੱਕਦੀ ਹੈ ਤੇ ਸਾਰੇ ਫਰੀਜ਼ ਹੋ ਜਾਂਦੇ ਹਨ।)*

ਬਾਬਾ : ਮੇਰੇ ਲੋਕੋ, ਮੈਂ ਆਪਣਾ ਨਾਟਕ ਇਥੇ ਸਮਾਪਤ ਕਰਦਾਂ ਹਾਂ। ਇਕ ਸਚਾਈ ਮੈਂ ਤੁਹਾਡੇ ਸਾਹਮਣੇ ਪੇਸ਼ ਕੀਤੀ ਹੈ। ਮੈਂ ਆਜ਼ਾਦੀ ਤੋਂ ਬਾਅਦ ਦਾ ਸਾਲ ਇਸ ਦੇਸ਼ ਵਿਚ ਜੀਵਿਆ। ਜੋ ਅੱਜ ਹੋ ਰਿਹਾ ਹੈ, ਉਹਦਾ ਸ਼ੁਰੂ ਉਹਨਾਂ ਸਾਲਾਂ ਵਿਚ ਹੋ ਗਿਆ ਸੀ। ਖ਼ਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ ਕਿ ਕੈਰੋਂ ਦੇ ਪੁੱਤਰ ਲੋਕਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਨਾਲ ਖੇਡਦੇ ਹਨ ਤੇ ਉਹਨਾਂ ਦੀ ਮਾਂ ਰਾਮ ਕੌਰ ਉਹਨਾਂ ਦੇ ਕੁਕਰਮਾਂ 'ਤੇ ਪਰਦਾ ਪਾਉਂਦੀ ਹੈ। ਗਿਆਨ ਸਿੰਘ ਰਾੜੇਵਾਲਾ ਜੋ ਸਿੰਚਾਈ ਮੰਤਰੀ ਸੀ, ਉਹਦਾ ਪੁੱਤਰ ਕੈਨਾਲ

ਰੈਸਟ ਹਾਊਸਾਂ ਨੂੰ ਆਯਾਸ਼ੀ ਦੇ ਅੱਡਿਆਂ ਦੇ ਤੌਰ ’ਤੇ ਵਰਤ ਰਿਹਾ ਹੈ। ਮੈਂ ਆਪਣੀਆਂ ਲਿਖਤਾਂ ਵਿਚ ਸਭ ਕੁਝ ਲਿਖਿਅ। ਜਵਾਹਰ ਲਾਲ ਨਹਿਰੂ ਨਾਲ ਮੁਲਾਕਾਤ ਵਿਚ ਇਹ ਗੱਲਾਂ ਉਹਦੇ ਧਿਆਨ ਵਿਚ ਲਿਆਂਦੀਆਂ, ਪਰ ਉਹ ਆਪਣੇ ਪੈਰੋਕਾਰਾਂ ਦੀ ਇਖਲਾਕੀ ਗਿਰਾਵਟ ਨੂੰ ਰੋਕਣ ਲਈ ਕੁਝ ਨਾ ਕਰ ਸਕਿਆ। ਇਹ ਨਾਟਕ ਜੋ ਤੁਹਾਨੂੰ ਵਿਖਾਇਆ ਹੈ ਉਹ ਹੁਣ ਹਕੀਕਤ ਬਣ ਚੁੱਕਿਆ ਹੈ। ਤੁਸੀਂ ਇਸ ਹਕੀਕਤ ਨੂੰ ਬਦਲਣਾ ਹੈ – ਕ੍ਰਾਂਤੀ ਨੇ ਬਦਲਣਾ ਏ, ਅੰਮ੍ਰਿਤ ਨੇ ਬਦਲਣਾ ਏ – ਗਰੀਬ ਦਾਸ ਨੇ ਬਦਲਣਾ ਏ (ਗਰੀਬ ਦਾਸ ਹੱਥ ਜੋੜੀ ਆਉਂਦਾ ਹੈ) ਗਰੀਬ ਦਾਸ ਦੇ ਹੱਥ ਜੋੜਨ ਦੇ ਵੇਲੇ ਬੀਤ ਗਏ, ਹੁਣ ਮੁੱਕੇ ਤਾਨਣ ਦੀ ਲੋੜ ਹੈ (ਗਰੀਬ ਦਾਸ ਇਕ ਮੁਦਰਾ ਵਿਚ ਹੱਥ ਚੁੱਕਦਾ ਹੈ – ਬਾਬਾ ਜੀ ਵੀ ਹੱਥ ਚੁੱਕਦੇ ਹਨ ਤੇ ਇਸੇ ਮੁਦਰਾ ਵਿਚ ਨਾਟਕ ਸਮਾਪਤ ਹੁੰਦਾ ਹੈ।)